# ਬੈਸਟ ਸਟਾਰਟ ਕਿੰਡਰਗਾਰਟਨ ਮੁਲਾਂਕਣ

## ਮਾਪਿਆਂ ਅਤੇ ਸੰਭਾਲਕਾਂ ਲਈ ਇੱਕ ਗਾਈਡ

**ਬੈਸਟ ਸਟਾਰਟ ਕਿੰਡਰਗਾਰਟਨ ਮੁਲਾਂਕਣ ਇੱਕ ਰਾਜ ਵਿਆਪੀ ਮੁਲਾਂਕਣ ਹੈ ਜੋ ਕਿੰਡਰਗਾਰਟਨ ਦੀ ਸ਼ੁਰੂਆਤ ਵਿੱਚ ਹਰੇਕ ਵਿਦਿਆਰਥੀ ਦੀ ਅੰਗਰੇਜ਼ੀ ਵਿੱਚ ਸਾਖਰਤਾ ਅਤੇ ਅੰਕਾ ਦੇ ਹੁਨਰ ਦੀ ਪਛਾਣ ਕਰਨ ਵਿੱਚ ਅਧਿਆਪਕਾਂ ਦੀ ਮਦਦ ਕਰਦਾ ਹੈ।**




ਬੱਚੇ ਸਕੂਲ ਦੀ ਸ਼ੁਰੂਆਤ ਸਾਖਰਤਾ ਅਤੇ ਗਿਣਤੀ ਦੇ ਹੁਨਰ, ਸੰਸਾਰ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਜੁੜਨ ਤੋਂ ਵਿਕਸਤ ਕੀਤੇ ਗਿਆਨ ਅਤੇ ਸਮਝ ਦੀ ਇੱਕ ਸੀਮਾ ਨਾਲ ਸ਼ੁਰੂ ਕਰਦੇ ਹਨ। ਸਭ ਤੋਂ ਵਧੀਆ ਕਿੰਡਰਗਾਰਟਨ ਦੇ ਮੁਲਾਂਕਣ ਵਿੱਚ ਸਾਖਰਤਾ ਅਤੇ ਅੰਕਾਂ ਦਾ ਹਿੱਸਾ ਸ਼ਾਮਲ ਹੁੰਦਾ ਹੈ ਜੋ ਅਧਿਆਪਕਾਂ ਨੂੰ ਇੱਕ ਵਿਦਿਆਰਥੀ ਦੀਆਂ ਵਿਅਕਤੀਗਤ ਸ਼ਕਤੀਆਂ ਅਤੇ ਲੋੜਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

ਮੁਲਾਂਕਣ ਅਧਿਆਪਕਾਂ ਨੂੰ ਅਧਿਆਪਨ ਅਤੇ ਸਿੱਖਣ ਦੇ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਕਰਦਾ ਹੈ ਜੋ ਵਿਦਿਆਰਥੀਆਂ ਦੇ ਜਾਣਨ ਨਾਲ ਸਬੰਧਿਤ ਹੁੰਦਾ ਹੈ। ਅਧਿਆਪਕ ਹਰੇਕ ਵਿਦਿਆਰਥੀ ਨਾਲ ਬੈਠਦੇ ਹਨ, ਅਤੇ ਉਹ ਇਸ ਗੱਲ 'ਤੇ ਧਿਆਨ ਕੇਂਦਰਿਤ ਕਰਦੇ ਹਨ ਕਿ ਉਹ ਕੀ ਕਰ ਸਕਦੇ ਹਨ। ਤੁਹਾਡੇ ਬੱਚੇ ਨੂੰ ਇਸ ਮੁਲਾਂਕਣ ਲਈ ਕੋਈ ਅਧਿਐਨ ਜਾਂ ਤਿਆਰੀ ਕਰਨ ਦੀ ਲੋੜ ਨਹੀਂ ਹੈ। ਜਿਵੇਂ ਕਿ ਬੱਚੇ ਵੱਖ-ਵੱਖ ਦਰਾਂ 'ਤੇ ਸਿੱਖਦੇ ਹਨ, ਜੇਕਰ ਤੁਹਾਡਾ ਬੱਚਾ ਸਾਰੇ ਸਵਾਲਾਂ ਦੇ ਜਵਾਬ ਨਾ ਦੇ ਸੱਕੇ ਤਾਂ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।

ਮੁਲਾਂਕਣ ਤੋਂ ਥੋੜ੍ਹੀ ਦੇਰ ਬਾਅਦ, ਅਧਿਆਪਕ ਤੁਹਾਨੂੰ ਮੁਲਾਂਕਣ ਦੌਰਾਨ ਤੁਹਾਡੇ ਬੱਚੇ ਦੁਆਰਾ ਪ੍ਰਦਰਸ਼ਿਤ ਕੀਤੇ ਗਿਆਨ ਅਤੇ ਸਮਝ ਬਾਰੇ ਜਾਣਕਾਰੀ ਪ੍ਰਦਾਨ ਕਰਨਗੇ।

ਸਭ ਤੋਂ ਵਧੀਆ ਸੁਰੂਆਤ ਕਿੰਡਰਗਾਰਟਨ ਦਾ ਮੁਲਾਂਕਣ ਸਾਰੇ ਵਿਦਿਆਰਥੀਆਂ ਨੂੰ ਸ਼ਾਮਲ ਕਰਦਾ ਹੈ। ਜੇਕਰ ਅੰਗਰੇਜ਼ੀ ਤੁਹਾਡੀ ਘਰੇਲੂ ਭਾਸ਼ਾ ਨਹੀਂ ਹੈ ਜਾਂ ਤੁਹਾਡੇ ਬੱਚੇ ਨੂੰ ਸਮਾਧਾਨ (ਦੀ ਲੋੜ ਹੈ), ਤਾਂ ਤੁਹਾਡੇ ਬੱਚੇ ਦੀ ਸਹਾਇਤਾ ਕਿਵੇਂ ਕੀਤੀ ਜਾ ਸਕਦੀ ਹੈ ਇਸ ਬਾਰੇ ਹੋਰ ਜਾਣਕਾਰੀ ਲਈ ਆਪਣੇ ਸਕੂਲ ਨਾਲ ਸੰਪਰਕ ਕਰੋ।

## ਸਾਖਰਤਾ ਦਾ ਮੁਲਾਂਕਣ

ਸਾਖਰਤਾ ਕਾਰਜ ਇਹ ਪਛਾਣ ਕਰਨ ਲਈ ਤਿਆਰ ਕੀਤੇ ਗਏ ਹਨ ਕਿ ਕੀ ਵਿਦਿਆਰਥੀ ਆਪਣਾ ਨਾਮ ਲਿਖ ਸਕਦੇ ਹਨ, ਅਵਾਜ਼ਾਂ, ਅੱਖਰਾਂ ਅਤੇ ਜਾਣੇ-ਪਛਾਣੇ ਸ਼ਬਦਾਂ ਦੀ ਪਹਿਚਾਣ ਕਰ ਸਕਦੇ ਹਨ, ਅਤੇ ਕੀ ਉਹ ਉਹਨਾਂ ਨੂੰ ਪੜ੍ਹੀ ਗਈ ਛੋਟੀ ਕਿਤਾਬ ਦੇ ਵੇਰਵੇ ਯਾਦ ਕਰ ਸਕਦੇ ਹਨ।

ਸਾਖਰਤਾ ਮੁਲਾਂਕਣ ਦੌਰਾਨ ਅਧਿਆਪਕ ਤੁਹਾਡੇ ਬੱਚੇ ਨੂੰ ਸਵਾਲ ਪੁਛੇਗਾ/ਪੁਛੇਗੀ ਜਿਵੇਂ ਕਿ:

- 'ਇਹਨਾਂ ਸ਼ਬਦਾਂ ਨੂੰ ਸੁਣੋ: map, tap (ਮੈਪ, ਟੈਪ)। ਕੀ ਤੁਸੀਂ ਕੋਈ ਹੋਰ ਸ਼ਬਦ ਸੋਚ ਸਕਦੇ ਹੋ ਜੋ ਇਸ ਨਾਲ ਤੁਕਬੰਦੀ ਕਰਦਾ ਹੈ?'
- (ਇੱਕ ਛੋਟੀ ਕਿਤਾਬ ਪੜ੍ਹਨ ਤੋਂ ਬਾਅਦ) 'ਕੀ ਤੁਸੀਂ ਮੈਨੂੰ ਉਸ ਕਹਾਣੀ ਬਾਰੇ ਦੱਸ ਸਕਦੇ ਹੋ ਜੋ ਮੈਂ ਤੁਹਾਨੂੰ ਹੁਣੇ ਹੀ ਪੜ੍ਹ ਕੇ ਸੁਣਾਈ ਹੈ?'

ਇਹ ਸਵਾਲ ਅਧਿਆਪਕਾਂ ਨੂੰ ਇਹ ਨਿਰਧਾਰਿਤ ਕਰਨ ਵਿੱਚ ਮਦਦ ਕਰਦੇ ਹਨ ਕਿ ਕੀ ਤੁਹਾਡਾ ਬੱਚਾ ਉਹਨਾਂ ਸ਼ਬਦਾਂ ਨੂੰ ਪਛਾਣ ਸਕਦਾ ਹੈ ਜੋ ਇੱਕੋ ਜਿਹੇ ਲੱਗਦੇ ਹਨ ਅਤੇ ਉਹਨਾਂ ਨੂੰ ਪੜ੍ਹੀ ਗਈ ਇੱਕ ਛੋਟੀ ਕਿਤਾਬ ਤੋਂ ਜਾਣਕਾਰੀ ਯਾਦ ਕਰ ਸਕਦੇ ਹਨ। ਇਹ ਮਹੱਤਵਪੂਰਣ ਸਾਖਰਤਾ ਹੁਨਰ ਹਨ ਜੋ ਬੱਚੇ ਸਕੂਲ ਵਿੱਚ ਆਪਣੇ ਪਹਿਲੇ ਸਾਲ ਵਿੱਚ ਵਿਕਸਤ ਕਰਨਗੇ।

## ਅੰਕਾਂ ਦਾ ਮੁਲਾਂਕਣ

ਸੰਖਿਆ ਕਾਰਜ ਸ਼ੁਰੂਆਤੀ ਸੰਖਿਆ ਸੰਕਲਪਾਂ ਨਾਲ ਸੰਬੰਧਿਤ ਹਨ ਅਤੇ ਇਹ ਪਛਾਣ ਕਰਨ ਲਈ ਤਿਆਰ ਕੀਤੇ ਗਏ ਹਨ ਕਿ ਇੱਕ ਵਿਦਿਆਰਥੀ ਕਿੰਨੀ ਚੰਗੀ ਤਰ੍ਹਾਂ ਗਿਣ ਸਕਦਾ ਹੈ, ਉਹ ਕਿਹੜੀਆਂ ਸੰਖਿਆਵਾਂ ਨੂੰ ਪਛਾਣ ਸਕਦੇ ਹਨ, ਅਤੇ ਕੀ ਉਹ ਵਸਤੂਆਂ ਦੀ ਗਿਣਤੀ ਕਰ ਸਕਦੇ ਹਨ, ਛੋਟੀਆਂ ਸੰਖਿਆਵਾਂ ਨੂੰ ਜੋੜ ਜਾਂ ਘਟਾ ਸਕਦੇ ਹਨ; ਅਤੇ ਦੁਹਰਾਉਣ ਵਾਲੇ ਨਮੂਨਿਆਂ (patterns) ਦੀ ਪਹਿਚਾਣ ਕਰ ਸਕਦੇ ਹਨ।

ਅੰਕਾਂ ਦੇ ਮੁਲਾਂਕਣ ਦੌਰਾਨ ਅਧਿਆਪਕ ਤੁਹਾਡੇ ਬੱਚੇ ਨੂੰ ਸਵਾਲ ਪੁਛੇਗਾ/ਪੁਛੇਗੀ ਜਿਵੇਂ ਕਿ:

- 'ਤੁਸੀ ਇੱਕ ਤੋਂ ਗਿਣਨਾ ਸ਼ੁਰੂ ਕਰੋ ਅਤੇ ਮੈਂ ਤੁਹਾਨੂੰ ਦੱਸਾਂਗਾ/ਦੱਸਾਂਗੀ ਕਿ ਕਦੋਂ ਰੁਕਣਾ ਹੈ'
- 'ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਇਹ ਕਿਹੜਾ ਨੰਬਰ ਹੈ?' (5)

ਇਹ ਸਵਾਲ ਅਧਿਆਪਕਾਂ ਨੂੰ ਇਹ ਨਿਰਧਾਰਿਤ ਕਰਨ ਵਿੱਚ ਮਦਦ ਕਰਨਗੇ ਕਿ ਕੀ ਤੁਹਾਡਾ ਬੱਚਾ ਨੰਬਰਾਂ ਨੂੰ ਪਛਾਣ ਸਕਦਾ ਹੈ ਅਤੇ ਇੱਕ ਤੋਂ ਬਾਅਦ ਗਿਣਤੀ ਕਰ ਸਕਦਾ ਹੈ। ਇਹ ਮਹੱਤਵਪੂਰਣ ਅੰਕਾਂ ਦੇ ਹੁਨਰ ਹਨ ਜੋ ਬੱਚੇ ਸਕੂਲ ਵਿੱਚ ਆਪਣੇ ਪਹਿਲੇ ਸਾਲ ਵਿੱਚ ਵਿਕਸਤ ਕਰਨਗੇ।

**ਵਧੀਆਂ ਸ਼ੁਰੂਆਤੀ ਕਿੰਡਰਗਾਰਟਨ ਮੁਲਾਂਕਣ (Best Start Kindergarten Assessment) ਬਾਰੇ ਹੋਰ ਜਾਣਕਾਰੀ ਲਈ, ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ।**

ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਟੈਲੀਫੋਨ ਇੰਟਰਪ੍ਰੈਟਰ ਸੇਵਾ ਨਾਲ 131 450 'ਤੇ ਸੰਪਰਕ ਕਰੋ। ਉਹ ਤੁਹਾਡੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦਾ ਪ੍ਰਬੰਧ ਕਰਨਗੇ ਜੋ ਤੁਹਾਡੀ ਸਕੂਲ ਨਾਲ ਗੱਲਬਾਤ ਦੌਰਾਨ ਤੁਹਾਡੀ ਸਹਾਇਤਾ ਕਰੇਗਾ/ਕਰੇਗੀ। ਤੁਹਾਡੇ ਕੋਲੋਂ ਇਸ ਸੇਵਾ ਲਈ ਕੋਈ ਵੀ ਰਕਮ ਨਹੀਂ ਲਈ ਜਾਵੇਗੀ।